Alberta

ਨਿਊਜ਼ ਰਿਲੀਜ਼

# ਸੁਰੱਖਿਅਤ, ਵਧੇਰੇ ਕਿਫ਼ਾਇਤੀ ਸਕੂਲੀ ਆਵਾਜਾਈ

14 ਮਾਰਚ, 2023 ਮੀਡੀਆ ਪੁੱਛਗਿੱਛ

**ਅਲਬਰਟਾ ਦੀ ਸਰਕਾਰ ਆਵਾਜਾਈ ਵਿੱਚ ਨਿਵੇਸ਼ ਕਰ ਰਹੀ ਹੈ ਤਾਂ ਜੋ ਵਧੇਰੇ ਵਿਦਿਆਰਥੀ ਬੱਸ ਦੀ ਯਾਤਰਾ ਕਰ ਸਕਣ, ਪੇਂਡੂ ਵਿਦਿਆਰਥੀਆਂ ਦੀਆਂ ਯਾਤਰਾਵਾਂ ਛੋਟੀਆਂ ਹੋਣ ਅਤੇ ਪਰਿਵਾਰ ਪੈਸੇ ਬਚਾ ਸਕਣ।**

ਮਾਪਿਆਂ, ਸਕੂਲ ਅਥਾਰਟੀਆਂ ਅਤੇ ਹੋਰਾਂ ਦੀ ਫੀਡਬੈਕ ਦੇ ਜਵਾਬ ਵਿੱਚ, ਸਰਕਾਰ ਪੇਂਡੂ ਯਾਤਰਾਵਾਂ ਦੇ ਸਮਿਆਂ, ਮਹਿੰਗਾਈ ਦੇ ਬੋਝ ਅਤੇ ਮਾਪਿਆਂ ਲਈ ਵਧਦੀਆਂ ਲਾਗਤਾਂ ਨੂੰ ਹੱਲ ਕਰਨ ਲਈ ਟੀਚਾਬੱਧ ਸਹਾਇਤਾਵਾਂ ਪ੍ਰਦਾਨ ਕਰ ਰਹੀ ਹੈ।

2023 ਦੇ ਬਜਟ ਰਾਹੀਂ, ਸਕੂਲ ਅਥਾਰਟੀਆਂ ਨੂੰ ਸਕੂਲੀ ਆਵਾਜਾਈ ਵਿੱਚ ਸੁਧਾਰਾਂ ਦਾ ਸਮਰਥਨ ਕਰਨ ਅਤੇ ਅਲਬਰਟਾ ਦੇ ਪਰਿਵਾਰਾਂ ਲਈ ਸਿੱਖਿਆ ਨੂੰ ਕਿਫ਼ਾਇਤੀ ਅਤੇ ਪਹੁੰਚਯੋਗ ਰੱਖਣ ਵਿੱਚ ਮਦਦ ਕਰਨ ਲਈ ਅਗਲੇ ਤਿੰਨ ਸਾਲਾਂ ਵਿੱਚ ਹੋਰ $414 ਮਿਲੀਅਨ ਪ੍ਰਾਪਤ ਹੋਣਗੇ।

## ਪਰਿਵਾਰਾਂ ਦੇ ਪੈਸੇ ਦੀ ਬਚਤ ਕਰਨੀ

ਰੈਗੂਲੇਟਰੀ ਤਬਦੀਲੀਆਂ ਦੀ ਸ਼ੁਰੂਆਤ ਨਾਲ ਲਗਭਗ 80,000 ਹੋਰ ਵਿਦਿਆਰਥੀ ਸੂਬਾਈ ਆਵਾਜਾਈ ਫੰਡਿੰਗ ਲਈ ਯੋਗ ਹੋਣਗੇ। ਇਨ੍ਹਾਂ ਵਿਚ ਲਗਭਗ 47,000 ਉਹ ਵਿਦਿਆਰਥੀ ਸ਼ਾਮਲ ਹਨ ਜੋ ਵਰਤਮਾਨ ਵਿੱਚ ਬੱਸ ਸੇਵਾਵਾਂ ਦੀ ਵਰਤੋਂ ਲਈ ਫੀਸ ਅਦਾ ਕਰ ਰਹੇ ਹਨ, ਅਤੇ ਜੋ ਸੂਬਾਈ ਸਹਾਇਤਾ ਲਈ ਯੋਗ ਬਣ ਜਾਣਗੇ, ਜਿਸ ਨਾਲ ਉਹਨਾਂ ਦੇ ਮਾਪਿਆਂ ਦੀ $20 ਮਿਲੀਅਨ ਤੋਂ ਵੱਧ ਦੀ ਬਚਤ ਹੋਵੇਗੀ।

## ਯੋਗਤਾ ਦੂਰੀ ਘਟਾਈ ਗਈ

ਵਰਤਮਾਨ ਵਿੱਚ ਵਿਦਿਆਰਥੀਆਂ ਲਈ ਸਰਕਾਰੀ ਫੰਡ ਪ੍ਰਾਪਤ ਬੱਸ ਸੇਵਾ ਦੇ ਯੋਗ ਹੋਣ ਵਾਸਤੇ ਆਪਣੇ ਮਨੋਨੀਤ ਸਕੂਲ ਤੋਂ ਘੱਟੋ-ਘੱਟ 2.4 ਕਿਲੋਮੀਟਰ ਦੀ ਦੂਰੀ 'ਤੇ ਰਹਿੰਦੇ ਹੋਣਾ ਲਾਜ਼ਮੀ ਹੈ। 1 ਸਤੰਬਰ, 2024 ਤੋਂ ਅਲਬਰਟਾ ਦੀ ਸਰਕਾਰ ਸਭ ਤੋਂ ਛੋਟੇ ਡਰਾਈਵਿੰਗ ਰੂਟ ਦੀ ਵਰਤੋਂ ਕਰਕੇ ਮਾਪੀ ਜਾਂਦੀ ਦੂਰੀ ਨੂੰ ਗ੍ਰੇਡ 1 ਤੋਂ 6 ਦੇ ਵਿਦਿਆਰਥੀਆਂ ਲਈ ਘਟਾ ਕੇ ਇੱਕ ਕਿਲੋਮੀਟਰ ਅਤੇ ਗ੍ਰੇਡ 7 ਤੋਂ 12 ਦੇ ਵਿਦਿਆਰਥੀਆਂ ਲਈ ਘਟਾ ਕੇ ਦੋ ਕਿਲੋਮੀਟਰ ਕਰ ਰਹੀ ਹੈ। 2023 ਦੇ ਬਜਟ ਵਿੱਚ ਨਿਵੇਸ਼ ਦੇ ਨਾਲ, ਜੋ ਸਕੂਲੀ ਅਥਾਰਟੀਆਂ 2023-24 ਸਕੂਲੀ ਸਾਲ ਵਿੱਚ ਇਹਨਾਂ ਤਬਦੀਲੀਆਂ ਨੂੰ ਲਾਗੂ ਕਰਨਾ ਚਾਹੁੰਦੀਆਂ ਹਨ, ਅਜਿਹਾ ਕਰ ਸਕਦੀਆਂ ਹਨ।

ਦੂਰੀ ਸੰਬੰਧੀ ਯੋਗਤਾ ਨੂੰ ਘਟਾਉਣ ਨਾਲ, ਲਗਭਗ 33,000 ਵਿਦਿਆਰਥੀ ਸੁਰੱਖਿਅਤ ਢੰਗ ਨਾਲ ਸਕੂਲ ਜਾਣ ਲਈ ਇੱਕ ਸਕੂਲੀ ਬੱਸ 'ਤੇ ਭਰੋਸਾ ਕਰ ਸਕਣਗੇ। ਇਹਨਾਂ ਵਿੱਚੋਂ ਲਗਭਗ 20,000 ਵਿਦਿਆਰਥੀ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਅਜਿਹੀ ਬੱਸ ਦੀ ਵਰਤੋਂ ਕਰਨ ਦੇ ਯੋਗ ਹੋਣਗੇ ਜੋ ਪਹਿਲਾਂ ਹੀ ਸੇਵਾ ਪ੍ਰਦਾਨ ਕਰ ਰਹੀ ਹੈ ਅਤੇ ਪੂਰੀ ਸਮਰੱਥਾ ਦੀ ਵਰਤੋਂ ਨਹੀਂ ਕਰ ਰਹੀ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਬਾਕੀ ਦੇ 13,000 ਵਿਦਿਆਰਥੀਆਂ ਲਈ ਲਗਭਗ 250 ਹੋਰ ਬੱਸ ਰੂਟਾਂ ਦੀ ਲੋੜ ਹੋਵੇਗੀ।

## ਲਾਗਤ ਅਤੇ ਮੁਦਰਾ ਸਫ਼ੀਤੀ ਦੇ ਦਬਾਅ ਨੂੰ ਹੱਲ ਕਰਨਾ

ਨਵੇਂ ਯੋਗ ਵਿਦਿਆਰਥੀਆਂ ਦਾ ਸਮਰਥਨ ਕਰਨ ਦੇ ਨਾਲ-ਨਾਲ, 2023 ਦੇ ਬਜਟ ਦੀ ਵਿਦਿਆਰਥੀਆਂ ਦੀ ਆਵਾਜਾਈ ਲਈ ਫੰਡਿੰਗ, ਸਕੂਲ ਅਧਿਕਾਰੀਆਂ ਅਤੇ ਬੱਸ ਠੇਕੇਦਾਰਾਂ ਦੁਆਰਾ ਸਾਹਮਣਾ ਕੀਤੇ ਜਾਂਦੇ ਲਾਗਤ ਅਤੇ ਮੁਦਰਾ ਸਫ਼ੀਤੀ ਦੇ ਦਬਾਅ ਨੂੰ ਹੱਲ ਕਰਨਾ ਜਾਰੀ ਰੱਖੇਗੀ। ਪੇਂਡੂ ਵਿਦਿਆਰਥੀਆਂ ਨੂੰ ਸੇਵਾ ਪ੍ਰਦਾਨ ਕਰਨ ਵਾਲੇ 100 ਵਾਧੂ ਬੱਸ ਰੂਟਾਂ ਲਈ ਫੰਡ ਮੁਹੱਈਆ ਕਰਾਉਣ ਨਾਲ ਪੇਂਡੂ ਯਾਤਰਾ ਦੇ ਸਮੇਂ ਦੇ ਲਗਭਗ ਨੌਂ ਪ੍ਰਤੀਸ਼ਤ ਘੱਟਣ ਦੀ ਉਮੀਦ ਹੈ। ਡਰਾਈਵਰਾਂ ਦੀ ਸਿਖਲਾਈ ਲਈ ਵਧੀ ਹੋਈ ਫੰਡਿੰਗ 350 ਨਵੇਂ ਡਰਾਈਵਰਾਂ ਸਮੇਤ 1,250 ਡਰਾਈਵਰਾਂ ਦੀ ਸਹਾਇਤਾ ਕਰੇਗੀ, ਅਤੇ ਡਰਾਈਵਰ ਕਰਮਚਾਰੀਆਂ ਦੀ ਗਿਣਤੀ ਵਿੱਚ ਛੇ ਪ੍ਰਤੀਸ਼ਤ ਵਾਧਾ ਕਰੇਗੀ।

ਅਲਬਰਟਾ ਦੀ ਸਰਕਾਰ 2023-24 ਸਕੂਲੀ ਸਾਲ ਲਈ ਈਂਧਨ ਦੀ ਕੀਮਤ ਸੰਬੰਧੀ ਅਚਨਚੇਤਤਾ ਪ੍ਰੋਗਰਾਮ (Fuel Price Contingency Program) ਨੂੰ ਵੀ ਜਾਰੀ ਰੱਖ ਰਹੀ ਹੈ। ਇਹ ਪ੍ਰੋਗਰਾਮ ਸਕੂਲ ਅਥਾਰਟੀਆਂ ਨੂੰ ਈਂਧਨ ਦੀਆਂ ਉੱਚ ਲਾਗਤਾਂ ਨੂੰ ਹੱਲ ਕਰਨ ਅਤੇ ਸਕੂਲੀ ਬੱਸ ਸੇਵਾਵਾਂ ਦੀ ਸੁਰੱਖਿਆ ਲਈ ਵਾਧੂ ਫੰਡ ਪ੍ਰਦਾਨ ਕਰਦਾ ਹੈ। ਅੱਜ ਤੱਕ, ਪ੍ਰੋਗਰਾਮ ਨੇ 2021-22 ਸਕੂਲੀ ਸਾਲ (ਮਾਰਚ ਤੋਂ ਜੂਨ 2022) ਵਿੱਚ ਸਕੂਲ ਅਥਾਰਟੀਆਂ ਨੂੰ $8.5 ਮਿਲੀਅਨ, 2022-23 ਸਕੂਲੀ ਸਾਲ ਵਿੱਚ $16.5 ਮਿਲੀਅਨ ਦੀ ਬਚਤ ਕਰਵਾਈ ਹੈ, ਅਤੇ 2023-24 ਸਕੂਲੀ ਸਾਲ ਵਿੱਚ ਉਹਨਾਂ ਦੀ ਕੁੱਲ $23.5 ਮਿਲੀਅਨ ਦੀ ਬਚਤ ਕਰਾਉਣ ਦਾ ਅਨੁਮਾਨ ਹੈ।

## ਵਿਦਿਆਰਥੀ ਆਵਾਜਾਈ ਟਾਸਕ ਫੋਰਸ

ਵਿਦਿਆਰਥੀ ਦੀ ਆਵਾਜਾਈ ਲਈ ਫੰਡਿੰਗ ਵਿੱਚ ਵਾਧਾ ਅਤੇ ਯੋਗਤਾ ਤਬਦੀਲੀਆਂ ਵਿਦਿਆਰਥੀ ਆਵਾਜਾਈ ਟਾਸਕ ਫੋਰਸ ਦੇ ਕੰਮ 'ਤੇ ਅਧਾਰਤ ਹੈ। ਮਈ 2020 ਵਿੱਚ ਬਣਾਈ ਗਈ ਟਾਸਕ ਫੋਰਸ ਨੇ ਅਲਬਰਟਾ ਵਿੱਚ ਵਿਦਿਆਰਥੀ ਆਵਾਜਾਈ ਦੇ ਭਵਿੱਖ ਦਾ ਮੁਲਾਂਕਣ ਕਰਨ ਲਈ ਸਿੱਖਿਆ ਪ੍ਰਣਾਲੀ, ਆਵਾਜਾਈ ਉਦਯੋਗ ਦੇ ਪ੍ਰਤੀਨਿਧੀਆਂ ਅਤੇ MLAs ਨੂੰ ਇਕੱਠਾ ਕੀਤਾ। ਉਨ੍ਹਾਂ ਦੀ ਰਿਪੋਰਟ ਮਈ 2021 ਵਿੱਚ, ਕੀਤੀਆਂ ਗਈਆਂ ਸਿਫ਼ਾਰਸ਼ਾਂ ਦੇ ਜਵਾਬ ਵਿੱਚ ਸਰਕਾਰ ਦੀ ਤਿੰਨ-ਪੜਾਵੀ ਕਾਰਜ ਯੋਜਨਾ ਦੇ ਨਾਲ ਜਾਰੀ ਕੀਤੀ ਗਈ ਸੀ। 2023 ਦੇ ਬਜਟ ਦੇ ਹਿੱਸੇ ਵਜੋਂ ਘੋਸ਼ਿਤ ਫੰਡਿੰਗ ਅਤੇ ਯੋਗਤਾ ਸੰਬੰਧੀ ਅੱਪਡੇਟ, ਉਸ ਕਾਰਜ ਯੋਜਨਾ ਦੇ ਤੀਜੇ ਅਤੇ ਅੰਤਿਮ ਪੜਾਅ ਨੂੰ ਲਾਗੂ ਕਰਦੇ ਹਨ।

2023 ਦਾ ਬਜਟ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿਹਤ-ਸੰਭਾਲ ਪ੍ਰਣਾਲੀ ਨੂੰ ਬਦਲ ਕੇ, ਅਲਬਰਟਾ ਦੇ ਲੋਕਾਂ ਨੂੰ ਜੀਵਨ ਨਿਰਵਾਹ ਦੀ ਉੱਚ ਲਾਗਤ ਲਈ ਸਮਰਥਨ ਦੇ ਕੇ, ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖ ਕੇ ਅਤੇ ਵਧੇਰੇ ਨੌਕਰੀਆਂ, ਗੁਣਵੱਤਾ ਵਾਲੀ ਸਿੱਖਿਆ ਅਤੇ ਨਿਰੰਤਰ ਵਿਭਿੰਨਤਾ ਨਾਲ ਆਰਥਿਕਤਾ ਨੂੰ ਚਲਾ ਕੇ ਅਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।

## ਫੌਰੀ ਤੱਥ

- 2023 ਦੇ ਬਜਟ ਵਿੱਚ ਅਗਲੇ ਤਿੰਨ ਸਾਲਾਂ ਲਈ ਸਕੂਲੀ ਆਵਾਜਾਈ ਫੰਡਿੰਗ ਵਿੱਚ $414 ਮਿਲੀਅਨ ਦਾ ਵਾਧਾ ਹੋਇਆ ਹੈ, ਜਿਸ ਵਿੱਚ 2023-24 ਵਿੱਚ $93.5 ਮਿਲੀਅਨ, 2024-25 ਵਿੱਚ $160 ਮਿਲੀਅਨ ਅਤੇ 2025-26 ਵਿੱਚ $160 ਮਿਲੀਅਨ ਸ਼ਾਮਲ ਹਨ।
- ਵਰਤਮਾਨ ਵਿੱਚ, ਸਕੂਲ ਅਧਿਕਾਰੀ ਅਲਬਰਟਾ ਦੇ 300,000 ਤੋਂ ਵੱਧ, ਜਾਂ ਲਗਭਗ 42 ਪ੍ਰਤੀਸ਼ਤ ਵਿਦਿਆਰਥੀਆਂ ਦੀ ਆਵਾਜਾਈ ਕਰਵਾਉਂਦੇ ਹਨ।
  - ਅਲਬਰਟਾ ਦੇ ਹਰ ਰੋਜ਼ ਸਕੂਲ ਜਾਣ ਅਤੇ ਸਕੂਲ ਤੋਂ ਆਉਣ ਵੇਲੇ ਲਗਭਗ 253,000 ਵਿਦਿਆਰਥੀ ਸੂਬੇ ਤੋਂ ਫ਼ੰਡ ਪ੍ਰਾਪਤ ਆਵਾਜਾਈ ਸੇਵਾਵਾਂ ਲਈ ਯੋਗ ਹਨ।
  - ਸਕੂਲ ਬੋਰਡ 47,000 ਤੋਂ ਥੋੜ੍ਹੇ ਵੱਧ ਵਿਦਿਆਰਥੀਆਂ, ਜੋ ਯੋਗ ਨਹੀਂ ਹਨ ਲਈ ਆਮ ਤੌਰ 'ਤੇ ਫੀਸ ਨਾਲ ਆਵਾਜਾਈ ਸੇਵਾਵਾਂ ਪ੍ਰਦਾਨ ਕਰਦੇ ਹਨ।
- ਵਿਦਿਆਰਥੀ ਆਵਾਜਾਈ ਫੰਡਿੰਗ ਮਾਡਲ, ਸਕੂਲ ਅਧਿਕਾਰੀਆਂ ਨੂੰ ਹਰੇਕ ਯੋਗ ਵਿਦਿਆਰਥੀ ਲਈ ਫੰਡ ਪ੍ਰਦਾਨ ਕਰਦਾ ਹੈ।
- *ਐਜੂਕੇਸ਼ਨ ਐਕਟ* ਦੇ ਤਹਿਤ, ਜਨਤਕ, ਵੱਖਰੀਆਂ ਅਤੇ ਫ੍ਰੈਂਕੋਫੋਨ ਸਕੂਲ ਅਥਾਰਟੀਆਂ ਕਾਨੂੰਨੀ ਤੌਰ 'ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਆਉਣ ਅਤੇ ਜਾਣ ਲਈ ਆਵਾਜਾਈ ਪ੍ਰਦਾਨ ਕਰਨ ਲਈ ਜ਼ਿੰਮੇਵਾਰ

ਹਨ ਜੇਕਰ ਵਿਦਿਆਰਥੀ ਸਕੂਲ ਡਿਵੀਜ਼ਨ, ਸਕੂਲ ਦੇ ਹਾਜ਼ਰੀ ਖੇਤਰ ਦੀਆਂ ਹੱਦਾਂ ਦੇ ਅੰਦਰ ਰਹਿੰਦਾ ਹੈ ਅਤੇ ਨਿਯਮ ਵਿੱਚ ਨਿਰਧਾਰਤ ਮਾਪਦੰਡ ਨੂੰ ਪੂਰਾ ਕਰਦਾ ਹੈ।

- ਸਕੂਲ ਟ੍ਰਾਂਸਪੋਰਟੇਸ਼ਨ ਰੈਗੂਲੇਸ਼ਨ (School Transportation Regulation) ਸਕੂਲ ਅਧਿਕਾਰੀਆਂ ਲਈ ਮਾਪਦੰਡ ਤੈਅ ਕਰਦੀ ਹੈ ਕਿ ਉਹ ਕਿਸ ਨੂੰ ਸੇਵਾ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹਨ।
- ਈਂਧਨ ਦੀ ਕੀਮਤ ਸੰਬੰਧੀ ਅਚਨਚੇਤਤਾ ਪ੍ਰੋਗਰਾਮ (Fuel Price Contingency Program) ਨੂੰ 2022 ਦੀਆਂ ਗਰਮੀਆਂ ਵਿੱਚ ਸਕੂਲ ਅਧਿਕਾਰੀਆਂ ਨੂੰ ਉਸ ਸਮੇਂ ਲਈ ਲਾਗਤ ਸੰਬੰਧੀ ਵੱਧ ਨਿਸ਼ਚਿਤਤਾ ਪ੍ਰਦਾਨ ਕਰਨ ਲਈ ਦੁਬਾਰਾ ਸ਼ੁਰੂ ਕੀਤਾ ਗਿਆ ਸੀ ਜਦੋਂ ਡੀਜ਼ਲ ਦੀਆਂ ਕੀਮਤਾਂ $1.25 ਪ੍ਰਤੀ ਲੀਟਰ ਤੋਂ ਵੱਧ ਜਾਣ।

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਵੱਲੋਂ ਪੁੱਛਗਿੱਛ

### ਐਮਿਲੀ ਪੇਕਹੈਮ (Emily Peckham)

587-985-4305
ਪ੍ਰੈੱਸ ਸੈਕ੍ਰੇਟਰੀ, ਐਜੂਕੇਸ਼ਨ